بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 01.06.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਸਹਾਬਾ ਕਰਾਮ ਹਜ਼ਰਤ ਅਕਾਸ਼ਾ ਬਿਨ ਮਹਸਨ, ਹਜ਼ਰਤ ਖ਼ਾਰਜਾ ਬਿਨ ਜ਼ੈਦ, ਹਜ਼ਰਤ ਜ਼ਿਯਾਦ ਬਿਨ ਲੁਬੈਦ, ਹਜ਼ਰਤ ਮਅਤਬ ਬਿਨ ਉਬੈਦ, ਹਜ਼ਰਤ ਖ਼ਾਲਿਦ ਬਿਨ ਬਕੀਰ ਰਜ਼ੀ ਅਲੱਾਹ ਅਨਹੁਮ ਦੀਆਂ ਅਤੁੱਲ ਕੁਰਬਾਨੀਆਂ ਦਾ ਈਮਾਨ ਭਰਪੂਰ ਵਰਨਣ

---

ਮੁਕਰੱਮ ਇਸਮਾਈਲ ਮਾਲਾ ਆਗ਼ਾ ਸਾਹਬ ਮੁਬਲੱਗ਼ ਜਮਾਤ ਯੁਗੰਡਾ ਦੀ ਨਮਾਜ਼ ਜਨਾਜ਼ਹ ਗ਼ਾਇਬ ਅਤੇ ਆਪ ਦੇ ਸਦਗੁਣਾ ਦਾ ਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 01 ਜੂਨ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਕ ਸਹਾਬੀ ਹਜ਼ਰਤ ਅਕਾਸ਼ਾ ਬਿਨ ਮਹਸਨ ਸਨ । ਹਜ਼ਰਤ ਅਕਾਸ਼ਾ ਬਿਨ ਮਹਸਨ ਦੀ ਗਿਣਤੀ ਵੱਡਿਆਂ ਸਾਹਬਾ ਵਿੱਚ ਹੁੰਦੀ ਸੀ । ਆਪ ਬਦਰ ਦੀ ਜੰਗ ਸਮੇਂ ਘੋੜੇ ਉਪੱਰ ਸਵਾਰ ਹੋਕੇ ਸ਼ਾਮਲ ਹੋਏ, ਇਸ ਦਿਨ ਆਪ ਦੀ ਤਲਵਾਰ ਟੁੱਟ ਗਈ । ਇਸ'ਤੇ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲੱਮ ਨੇ ਆਪ ਨੂੰ ਇਕ ਲਕੜੀ ਦਿੱਤੀ, ਤਾਂ ਉਹ ਆਪ ਦੇ ਹੱਥਾਂ ਵਿੱਚ ਮਾਨੋ ਇਕ ਅਤਿਅੰਤ ਤਿੱਖੀ ਤੇ ਪਧੱਰੀ ਲੋਹੇ ਦੀ ਤਲਵਾਰ ਬਣ ਗਈ ਅਤੇ ਆਪ ਉਸੇ ਨਾਲ ਲੜੇ, ਇੱਥੋਂ ਤੱਕ ਕਿ ਰੱਬ ਨੇ ਫ਼ਤਹ ਪ੍ਰਦਾਨ ਕੀਤੀ । ਫਿਰ ਇਸੇ ਤਲਵਾਰ ਨਾਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੇ ਨਾਲ ਸਾਰੀਆਂ ਜੰਗਾਂ ਵਿੱਚ ਸ਼ਾਮਲ ਹੋਏ ਅਤੇ ਇਹ ਲਕੜੀ ਦੀ ਤਲਵਾਰ ਆਪਦੇ ਦੇਹਾਂਤ ਤੱਕ ਆਪਦੇ ਕੋਲ ਹੀ ਸੀ । ਇਸ ਦਾ ਨਾਂ ਔਨ ਸੀ । ਰਸੂਲੁਲੱਲਾਹ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਨੂੰ ਖ਼ੁਸ਼ਖਬਰੀ ਦਿੱਤੀ ਸੀ ਕਿ ਤੁਸੀਂ ਸਵਰਗ ਵਿੱਚ ਬਿਨਾ ਹਿਸਾਬ ਦੇ ਦਾਖ਼ਲ ਹੋਵੋਗੇ । ਬਦਰ ਦੀ ਜੰਗ ਸਮੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਸਹਾਬਾ ਨੂੰ ਫ਼ਰਮਾਇਆ ਕਿ ਅਰਬ ਦਾ ਬਿਹਤਰੀਨ ਸ਼ਾਹਸਵਾਰ ਸਾਡੇ ਨਾਲ ਸ਼ਾਮਲ ਹੈ । ਸਹਾਬਾ ਨੇ ਪੁੱਛਿਆ, ਹੇ ਰਸੂਲੁਲੱਾਹ ਉਹ ਕੌਣ ਹੈ ? ਫ਼ਰਮਾਇਆ ਅਕਾਸ਼ਾ ਬਿਨ ਮਹਸਨ । ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਸੁਣਿਆ, ਆਪ ਨੇ ਫ਼ਰਮਾਇਆ ਕਿ ਮੇਰੀ

ਉਮੱਤ ਵਿੱਚੋ ਇਕ ਸੰਗਤ ਸਵਰਗ ਵਿੱਚ ਦਾਖ਼ਲ ਹੋਵੇਗੀ, ਉਹ ਸਤੱਰ ਹਜ਼ਾਰ ਹੋਣਗੇ ਅਤੇ ਉਹਨਾ ਦੇ ਚਿਹਰੇ ਚੋਦਵੀਂ ਰਾਤ ਦੇ ਚੰਨ੍ਹ ਵਾਂਗ ਚਾਨ੍ਹਣ ਹੋਣਗੇ । ਹਜ਼ਰਤ ਅਕਾਸ਼ਾ ਬਿਨ ਮਹਸਨ ਖੜੇ ਹੋਏ ਅਤੇ ਬਿਨਤੀ ਕੀਤੀ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਅਲੱਾਹ ਤੋਂ ਦੁਆ ਕਰੋ ਕਿ ਮੈਨੂੰ ਵੀ ਇਹਨਾਂ ਵਿੱਚੋਂ ਬਣਾ ਦੇਵੇ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੇ, ਅਲੱਾਹ ਇਸ ਨੂੰ ਵੀ ਉਹਨਾਂ ਵਿੱਚ ਸ਼ਾਮਲ ਕਰਦੇ । ਫਿਰ ਅੰਸਾਰ ਵਿੱਚੋਂ ਇਕ ਵਿਅਕਤੀ ਖੜਾ ਹੋਇਆ ਅਤੇ ਬਿਨਤੀ ਕੀਤੀ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਅਲੱਾਹ ਤੋਂ ਦੁਆ ਕਰੋ ਕਿ ਮੈਨੂੰ ਵੀ ਉਹਨਾਂ ਵਿੱਚੋਂ ਬਣਾ ਦੇਵੇ, ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਅਕਾਸ਼ਾ ਇਸ ਵਿੱਚ ਤੁਹਾਥੋਂ ਪਹਿਲ ਲੈ ਗਿਆ ਹੈ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਕਾਸ਼ਾ ਨੂੰ ਭਿੰਨ ਭਿੰਨ ਜੰਗਾ ਵਿੱਚ ਪ੍ਰਧਾਨ ਬਣਾਕੇ ਭੇਜਿਆ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਰਬੀਉਲ ਅਵੱਲ ਛੇ ਹਿਜਰੀ ਵਿੱਚ ਅਕਾਸ਼ਾ ਨੂੰ ਚਾਲ੍ਹੀ ਮੁਸਲਮਾਨਾਂ ਦਾ ਅਫ਼ਸਰ ਬਣਾ ਕੇ ਕਬੀਲਾ ਬਨੀ ਅਸਦ ਦੇ ਮੁਕਾਬਲੇ ਲਈ ਰਵਾਨਾ ਕੀਤਾ ਇਹ ਕਬੀਲਾ ਇਕ ਪਾਣੀ ਦੇ ਸੋਮੇ ਨੇੜੇ ਡੇਰਾ ਲਾਈ ਬੈਠਾ ਸੀ, ਜਿਸ ਦਾ ਨਾ ਗ਼ਮਰ ਸੀ ਜੋ ਮਦੀਨੇ ਤੋਂ ਮੱਕੇ ਵੱਲ ਕੁਝ ਦਿਨਾਂ ਦੀ ਦੂਰੀ'ਤੇ ਸੀ । ਅਕਾਸ਼ਾ ਦੀ ਪਾਰਟੀ ਛੇਤੀ ਛੇਤੀ ਜਾਤਰਾ ਕਰਕੇ ਨੇੜੇ ਪਹੁੰਚੀ ਤਾਂ ਜੋ ਉਹਨਾਂ ਨੂੰ ਸ਼ਰਾਰਤ ਤੋਂ ਰੋਕਿਆ ਜਾਵੇ ਤਾਂ ਪਤਾ ਲੱਗਿਆ ਕਿ ਕਬੀਲੇ ਦੇ ਲੋਕ ਮੁਸਲਮਾਨਾਂ ਦੀ ਸੂਚਨਾ ਪਾਕੇ ਏਧਰ ਉਧੱਰ ਖਿੰਡ ਪੁੰਡ ਗਏ ਸਨ । ਇਸ'ਤੇ ਅਕਾਸ਼ਾ ਅਤੇ ਉਹਨਾਂ ਦੇ ਸਾਥੀ ਮਦੀਨੇ ਵੱਲ ਪਰਤ ਆਏ ਅਤੇ ਕੋਈ ਲੜਾਈ ਨਹੀਂ ਹੋਈ ।

ਹਜ਼ਰਤ ਇਬਨੇ ਅਬੱਾਸ ਵਰਨਣ ਕਰਦੇ ਹਨ ਕਿ ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਸੂਰਤ ਅਲ-ਨਸਰ ਉਤਰੀ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਬਿਲਾਲ ਨੂੰ ਅਜ਼ਾਨ ਦੇਣ ਲਈ ਆਦੇਸ਼ ਦਿਤੱਾ । ਨਮਾਜ਼ ਦੇ ਬਾਦ ਆਪ ਸਲਲੱਾਹੁ ਅਲੈਹਿ ਵਸਲਮ ਨੇ ਇਕ ਭਾਸ਼ਣ ਦਿਤੱਾ ਜਿਸ ਨੂੰ ਸੁਣ ਕੇ ਲੋਕ ਬਹੁਤ ਰੋਏ, ਫਿਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਪੁੱਛਿਆ, ਹੇ ਲੋਕੋ ! ਮੈਂ ਕਿਹੋ ਜਿਹਾ ਨਬੀ ਹਾਂ, ਇਸ'ਤੇ ਇਹਨਾਂ ਲੋਕਾਂ ਨੇ ਕਿਹਾ ਅਲੱਾਹ ਆਪ ਨੂੰ ਪ੍ਰਤੀਫ਼ਲ ਪ੍ਰਦਾਨ ਕਰੇ ਆਪ ਸਭ ਤੋਂ ਬਿਹਤਰੀਨ ਨਬੀ ਹਨ ਆਪ ਸਾਡੇ ਲਈ ਮਿਹਰਬਾਨ ਪਿਤਾ ਸਮਾਨ ਅਤੇ ਸ਼ਫ਼ੀਕ (ਸਨੇਹੀ) ਅਤੇ ਉਪਦੇਸ਼ਕ ਭਰਾ ਵਾਂਗ ਹਨ, ਆਪ ਨੇ ਸਾਡੇ ਤੱਕ ਰੱਬ ਦੇ ਸੰਦੇਸ਼ ਪਹੁੰਚਾਏ ਅਤੇ ਉਸ ਦੀ ਵਹੀ (ਕਲਾਮ) ਪਹੁੰਚਾਈ ਅਤੇ ਚੰਗੀ ਦਾਨਾਈ ਤੇ ਨਸੀਹਤ ਨਾਲ ਸਾਨੂੰ ਆਪਣੇ ਰੱਬ ਦੇ ਮਾਰਗ ਉਪੱਰ ਲਾਇਆ । ਇਸ ਲਈ ਰੱਬ ਆਪ ਨੂੰ ਚੰਗਾ ਪ੍ਰਤੀਫਲ ਪ੍ਰਦਾਨ ਕਰੇ ਜੋ ਉਹ ਆਪਣੇ ਨਬੀਆਂ ਨੂੰ ਦਿੰਦਾ ਹੈ । ਫਿਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹੇ ਮੁਸਲਮਾਨਾਂ ਦੇ ਸਮੂਹ, ਮੈਂ ਤੁਹਾਨੂੰ ਰੱਬ ਦੀ ਅਤੇ ਤੁਹਾਡੇ ਉਪੱਰ ਆਪਣੀ ਸਚੱਾਈ ਦੀ ਸਹੁੰ ਦੇਕੇ ਕਹਿੰਦਾ ਹਾਂ ਕਿ ਜੇਕਰ ਮੇਰੇ ਵੱਲੋਂ ਕਿਸੇ ਉਪੱਰ ਕੋਈ ਜ਼ੁਲਮ ਜਾਂ ਕੋਈ ਵਧੀਕੀ ਹੋਈ ਹੋਵੇ ਤਾਂ ਉਹ ਖੜਾ ਹੋਵੇ ਅਤੇ ਮੇਰੇ ਕੋਲੋਂ ਆਪਣਾ ਬਦਲਾ ਲਏ, ਪਰ ਕੋਈ ਖੜਾ ਨ ਹੋਇਆ । ਆਪ ਸਲਲੱਾਹੁ ਅਲੈਹਿ ਵਸਲਮ ਨੇ ਦੂਜੀ ਵਾਰ ਸਹੁੰ ਪਾਕੇ ਕਿਹਾ, ਪਰ ਕੋਈ ਖੜਾ ਨ ਹੋਇਆ । ਆਪ ਨੇ ਤੀਜੀ ਵਾਰ ਫ਼ਿਰ ਫ਼ਰਮਾਇਆ ਕਿ ਹੇ, ਮੁਸਲਮਾਨਾਂ ਦੇ ਸਮੂਹ ਮੈਂ ਤੁਹਾਨੂੰ ਰੱਬ ਅਤੇ ਤੁਹਾਡੇ ਉਪੱਰ ਆਪਣੀ ਸਚੱਾਈ ਦੀ ਸਹੁੰ ਦੇਕੇ ਕਹਿੰਦਾ ਹਾਂ ਕਿ ਜੇਕਰ ਕਿਸੇ ਉਪੱਰ ਮੇਰੇ ਵੱਲੋਂ ਕੋਈ ਜ਼ੁਲਮ ਜਾਂ ਵਧੀਕੀ ਹੋਈ ਹੋਵੇ ਤਾਂ ਉਹ ਉੱਠੇ ਅਤੇ ਮੇਰੇ ਕੋਲੋਂ ਬਦਲਾ ਲਏ, ਕਯਾਮਤ ਦੇ ਦਿਨ ਦੇ ਬਦਲੇ ਤੋਂ ਪਹਿਲਾਂ । ਇਸ'ਤੇ ਲੋਕਾਂ ਵਿੱਚੋਂ ਇਕ ਬੁਢੱਾ ਵਿਅਕਤੀ ਖੜਾ ਹੋਇਆ ਜਿੰਨ੍ਹਾ ਦਾ ਨਾਂ ਅਕਾਸ਼ਾ ਸੀ । ਆਪ ਮੁਸਲਮਾਨਾਂ ਵਿੱਚੋ ਲੰਘਦੇ ਹੋਏ ਅੱਗੇ ਵਧੇ ਇੱਥੋਂ ਤੱਕ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਸਾਹਮਣੇ ਖੜੇ ਹੋ ਗਏ ਅਤੇ ਬਿਨਤੀ ਕੀਤੀ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੇਰੇ ਮਾਂ ਬਾਪ ਆਪ ਉਪੱਰ ਕੁਰਬਾਨ, ਜੇਕਰ ਆਪ ਨੇ ਵਾਰ ਵਾਰ ਸਹੁੰ ਨ ਦਿੱਤੀ ਹੁੰਦੀ ਤਾਂ ਮੈਂ ਉਕੱਾ ਹੀ ਨ ਖੜਾ ਹੁੰਦਾ । ਮੈਂ ਆਪ ਨਾਲ ਇਕ ਜੰਗ ਵਿੱਚ ਸੀ ਜਿਸ ਤੋਂ ਵਾਪਸੀ ਸਮੇਂ ਮੇਰੀ

ਊਠਣੀ ਆਪ ਦੀ ਊਠਣੀ ਦੇ ਨੇੜੇ ਆ ਗਈ ਤਾਂ ਮੈਂ ਆਪਣੀ ਸਵਾਰੀ ਤੋਂ ਉਤਰਕੇ ਆਪ ਦੇ ਨੇੜੇ ਆਇਆ, ਤਾਂ ਜੋ ਆਪਦੇ ਪੈਰ੍ਹਾਂ ਨੂੰ ਚੁੰਮ ਸਕਾਂ ਪਰ ਆਪ ਨੇ ਆਪਣੀ ਛੜੀ ਮਾਰੀ ਜੋ ਮੇਰੀ ਵੱਖੀ ਵਿੱਚ ਲੱਗੀ । ਮੈਂਨੂੰ ਪਤਾ ਨਹੀਂ ਕਿ ਉਹ ਛੜੀ ਆਪਨੇ ਊਠਣੀ ਨੂੰ ਮਾਰੀ ਸੀ ਜਾਂ ਮੈਂਨੂੰ । ਇਸ'ਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਰੱਬ ਦੇ ਜਲਾਲ ਦੀ ਸਹੁੰ ਕਿ ਰੱਬ ਦਾ ਰਸੂਲ ਜਾਣ ਬੁਝੱਕੇ ਤੈਂਨੂੰ ਨਹੀਂ ਮਾਰ ਸਕਦਾ । ਫਿਰ ਆਪ ਨੇ ਫ਼ਰਮਾਇਆ, ਹੇ ਬਿਲਾਲ ! ਫ਼ਾਤਮਾ ਵੱਲ ਜਾਓ ਅਤੇ ਉਸ ਤੋਂ ਉਹ ਛੜੀ ਲੈ ਆਓ । ਹਜ਼ਰਤ ਬਿਲਾਲ ਗਏ ਅਤੇ ਹਜ਼ਰਤ ਫ਼ਤਮਾ ਨੂੰ ਬਿਨਤੀ ਕੀਤੀ ਕਿ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸਾਹਿਬਜ਼ਾਦੀ ! ਮੈਂਨੂੰ ਉਹ ਛੜੀ ਦੇ ਦਿਓ । ਹਜ਼ਰਤ ਬਿਲਾਲ ਮਸਜਿਦ ਆਏ ਅਤੇ ਰਸੂਲੁਲੱਲਾਹ ਸਲਲੱਾਹੁ ਅਲੈਹਿ ਵਸਲਮ ਨੂੰ ਛੜੀ ਫੜਾ ਦਿੱਤੀ ਅਤੇ ਆਪ ਨੇ ਉਹ ਛੜੀ ਅਕਾਸ਼ਾ ਨੂੰ ਫੜਾਈ । ਆਪ ਨੇ ਫ਼ਰਮਾਇਆ ਹੇ, ਅਕਾਸ਼ਾ ਮਾਰੋ । ਹਜ਼ਰਤ ਅਕਾਸ਼ਾ ਨੇ ਅਰਜ਼ ਕੀਤੀ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜੱਦ ਆਪ ਨੇ ਮੈਂਨੂੰ ਮਾਰਿਆ ਸੀ ਤਾਂ ਉਸ ਸਮੇਂ ਮੇਰੇ ਪਿੰਡੇ ਉਪੱਰ ਕਪੜਾ ਨਹੀਂ ਸੀ । ਇਸ'ਤੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਪਿੰਡੇ ਉਪੱਰੋ ਕਪੜਾ ਚੁੱਕ ਲਿਆ । ਇਸ ਦ੍ਰਿਸ਼'ਤੇ ਮੁਸਲਮਾਨ ਦਿਵਾਨਿਆਂ ਵਾਂਗ ਰੋਣ ਲੱਗੇ ਅਤੇ ਕਹਿਣ ਲੱਗੇ ਕਿ ਕੀ ਅਕਾਸ਼ਾ ਵਾਕਈ (ਵਾਸਤਵ ਵਿੱਚ) ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਮਾਰੇਗਾ । ਪਰ ਜੱਦ ਅਕਾਸ਼ਾ ਨੇ ਆਪ ਸਲਲੱਾਹੁ ਅਲੈਹਿ ਵਸਲਮ ਦੇ ਸ਼ਰੀਰ ਦੀ ਸੁਫ਼ੈਦੀ ਦੇਖੀ ਤਾਂ ਝਬਦਿਆਂ ਹੀ ਅੱਗੇ ਵਧੇ ਅਤੇ ਆਪ ਦੇ ਸ਼ਰੀਰ ਨੂੰ ਚੁੰਮਣ ਲੱਗ ਪਏ ਅਤੇ ਅਰਜ਼ ਕੀਤੀ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕਿਸ ਦਾ ਮਨ ਗਵਾਰਾ ਕਰ ਸਕਦਾ ਹੈ ਕਿ ਉਹ ਆਪ ਤੋਂ ਬਦਲਾ ਲਏ । ਇਸ'ਤੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਬਦਲਾ ਲੈਂਣਾ ਹੈ ਜਾਂ ਮੁਆਫ਼ ਕਰਨਾ ਹੈ । ਇਸ'ਤੇ ਹਜ਼ਰਤ ਅਕਾਸ਼ਾ ਨੇ ਅਰਜ਼ ਕੀਤੀ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੈਂ ਮੁਆਫ਼ ਕੀਤਾ ਇਸ ਆਸ'ਤੇ ਕਿ ਕਯਾਮਤ ਦੇ ਦਿਨ ਰੱਬ ਮੈਂਨੂੰ ਮੁਆਫ਼ ਕਰ ਦੇਵੇ । ਇਸ'ਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਲੋਕਾਂ ਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ ਜੋ ਸਵਰਗ ਵਿੱਚ ਮੇਰਾ ਸਾਥੀ ਦੇਖਣਾ ਚਾਹੁੰਦਾ ਹੈ ਉਹ ਇਸ ਬੂੜ੍ਹੇ ਨੂੰ ਦੇਖ ਲਏ । ਸੋ, ਮੁਸਲਮਾਨ ਉੱਠੇ ਅਤੇ ਹਜ਼ਰਤ ਅਕਾਸ਼ਾ ਦਾ ਮੱਥਾ ਚੁੰਮਣ ਲੱਗੇ ਅਤੇ ਉਹਨਾਂ ਨੂੰ ਮੁਬਾਰਕਬਾਦ ਦੇਣ ਲੱਗੇ ਕਿ ਤੁਸੀਂ ਬਹੁਤ ਬੁਲੰਦ ਸਥਾਨ ਅਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਸਨੇਹ ਨੂੰ ਪਾ ਲਿਆ ਹੈ । ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਦੀ ਖ਼ਿਲਾਫ਼ਤ ਵਿੱਚ ਹਜ਼ਰਤ ਖ਼ਾਲਿਦ ਬਿਨ ਵਲੀਦ ਦੇ ਨਾਲ ਹਜ਼ਰਤ ਅਕਾਸ਼ਾ ਮੁਰਤਦ ਹੋਏ (ਧਰਮ ਤੋਂ ਫਿਰੇ ਹੋਇਆਂ) ਦੀ ਸਿਰਕੋਬੀ ਲਈ ਰਵਾਨਾ ਹੋਏ । ਹਜ਼ਰਤ ਖ਼ਾਲਿਬ ਬਿਨ ਵਲੀਦ, ਹਜ਼ਰਤ ਅਕਾਸ਼ਾ ਬਿਨ ਮਹਸਨ ਅਤੇ ਹਜ਼ਰਤ ਸਾਬਤ ਬਿਨ ਅਕਰਮ ਨੂੰ ਮੁਖ਼ਬਰ ਬਣਾਕੇ ਭੇਜਿਆ ਕਿ ਉਹ ਦੁਸ਼ਮਣਾ ਦੀ ਖ਼ਬਰ ਲਿਆਉਣ । ਉਹ ਦੋਵੇਂ ਘੋੜੇ ਉਪੱਰ ਸਵਾਰ ਸਨ । ਹਜ਼ਰਤ ਅਕਾਸ਼ਾ ਦੇ ਘੋੜੇ ਦਾ ਨਾਂ ਅਰੱਜ਼ਾਮ ਸੀ ਅਤੇ ਹਜ਼ਰਤ ਸਾਬਤ ਦੇ ਘੋੜੇ ਦਾ ਨਾਂ ਅਲਮਹਬਰ ਸੀ । ਇਹਨਾਂ ਦੋਹਾਂ ਦਾ ਟਾਕਰਾ ਤਲੈਹਾ ਅਤੇ ਉਸ ਦੇ ਭਾਈ ਸਲਮਾ ਨਾਲ ਹੋਇਆ, ਜੋ ਮੁਸਲਮਾਨਾਂ ਦੀ ਮੁਖ਼ਬਰੀ ਕਰਨ ਲਈ ਲਸ਼ਕਰ ਤੋਂ ਅੱਗੇ ਆਏ ਹੋਏ ਸਨ । ਤਲੈਹਾ ਦਾ ਸਾਹਮਣਾ ਹਜ਼ਰਤ ਅਕਾਸ਼ਾ ਨਾਲ ਹੋਇਆ ਅਤੇ ਸਲਮਾ ਦਾ ਸਾਹਮਣਾ ਹਜ਼ਰਤ ਸਾਬਤ ਨਾਲ ਹੋਇਆ, ਇਹਨਾਂ ਦੋਹਾਂ ਭਰਾਵਾਂ ਨੇ ਇਹਨਾਂ ਦੋਹਾਂ ਸਹਾਬਾ ਨੂੰ ਸ਼ਹੀਦ ਕਰ ਦਿਤੱਾ । ਇਹ ਘਟਨਾ 12 ਹਿਜਰੀ ਦੀ ਹੈ, ਇਸ ਪ੍ਰਕਾਰ ਇਹਨਾ ਦੀ ਸ਼ਹੀਦੀ ਹੋਈ ।

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਕ ਸਹਾਬੀ ਹਜ਼ਰਤ ਖ਼ਾਰਜਾ ਬਿਨ ਜ਼ੈਦ ਸਨ । ਹਜ਼ਰਤ ਖ਼ਾਰਜਾ ਬਿਨ ਜ਼ੈਦ ਦਾ ਸੰਬੰਧ ਖ਼ਜ਼ਰਜ ਦੇ ਪਰਿਵਾਰ ਅਗ਼ਜ਼ ਨਾਲ ਸੀ । ਹਜ਼ਰਤ ਖ਼ਾਰਜਾ ਦੀ ਬੇਟੀ ਹਜ਼ਰਤ ਹਬੀਬਾ ਬਿਨਤ ਖ਼ਾਰਜਾ ਹਜ਼ਰਤ ਅਬੂਬਕਰ ਸਿੱਦੀਕ ਦੀ ਸੁਪਤੱਨੀ ਸਨ ਜਿੰਨ੍ਹਾ ਦੀ ਕੁੱਖ ਵਿੱਚੋਂ ਹਜ਼ਰਤ ਅਬੂਬਕਰ ਸਿੱਦੀਕ ਦੀ ਸਾਹਿਬਜ਼ਾਦੀ ਹਜ਼ਰਤ ਉਮੇ ਕੁਲਸੂਮ ਨੇ ਜਨਮ ਲਿਆ । ਰਸੂਲੁਲੱਾਲਹ ਸਲਲੱਾਹੁ ਅਲੈਹਿ

ਵਸਲਮ ਨੇ ਹਜ਼ਰਤ ਖ਼ਾਰਜਾ ਬਿਨ ਜ਼ੈਦ ਅਤੇ ਹਜ਼ਰਤ ਅਬੂਬਕਰ ਸਿੱਦੀਕ ਵਿਚਕਾਰ ਭਾਈ ਬੰਦੀ ਕਰਵਾਈ । ਰਈਸ (ਧੰਨਵਾਨ) ਕਬੀਲਾ ਸਨ ਅਤੇ ਇਹਨਾ ਨੂੰ ਵੱਡੇ ਸਹਾਬਾ ਵਿੱਚ ਸ਼ਮਾਲ ਕੀਤਾ ਜਾਂਦਾ ਸੀ । ਇਹਨਾਂ ਨੇ ਉਕਬਾ ਵਿੱਚ ਬੈਅਤ ਕੀਤੀ ਸੀ । ਮਦੀਨੇ ਹਿਜਰਤ ਦੇ ਬਾਦ ਹਜ਼ਰਤ ਅਬੂਬਕਰ ਸਿੱਦੀਕ ਨੇ ਹਜ਼ਰਤ ਖ਼ਾਰਜਾ ਬਿਨ ਜ਼ੈਦ ਦੇ ਘਰ ਪੜਾਅ ਕੀਤਾ ਸੀ । ਇਹ ਬਦਰ ਦੀ ਜੰਗ ਵਿੱਚ ਸਾਮਲ ਹੋਏ । ਹਜ਼ਰਤ ਖ਼ਾਰਜਾ ਨੇ ਉਹਦ ਦੀ ਜੰਗ ਵਿੱਚ ਬਹੁਤ ਦਲੇਰੀ, ਬਹਾਦੁਰੀ ਤੇ ਜਵਾਂਮਰਦੀ ਨਾਲ ਲੜਦਿਆਂ ਹੋਇਆਂ ਸ਼ਹੀਦੀ ਦਾ ਮਰਤਬਾ ਪ੍ਰਾਪਤ ਕੀਤਾ । ਨੇਜ਼ਿਆਂ ਦੀ ਬੁਛਾੜ ਵਿੱਚ ਘਿਰੇ ਜਾਣ ਕਰਕੇ ਆਪ ਨੂੰ ਤੇਰ੍ਹਾਂ ਤੋਂ ਵੱਧ ਜ਼ਖ਼ਮ ਲੱਗੇ । ਆਪ ਜ਼ਖ਼ਮਾ ਦੀ ਤਾਬ ਕਰਕੇ ਨਿਢਾਲ ਪਏ ਸਨ ਕਿ ਨੇੜਿਓਂ ਸਫ਼ਵਾਨ ਬਿਨ ਉਮਯੱਾ ਲੰਘਿਆ, ਉਸ ਨੇ ਇਹਨਾ ਨੂੰ ਪਛਾਣਕੇ ਹਮਲਾ ਕਰਕੇ ਸ਼ਹੀਦ ਕਰ ਦਿਤੱਾ ਅਤੇ ਫਿਰ ਉਹਨਾਂ ਦੇ ਕੰਨ੍ਹ ਤੇ ਨੱਕ ਵੀ ਕੱਟੇ ਅਤੇ ਕਿਹਾ ਕਿ ਇਹ ਉਹਨਾਂ ਲੋਕਾਂ ਵਿੱਚੋਂ ਹੈ ਜਿੰਨ੍ਹਾ ਨੇ ਬਦਰ ਦੀ ਜੰਗ ਵਿੱਚ ਅਬੂਅਲੀ ਨੂੰ ਕਤਲ ਕੀਤਾ ਸੀ ਅਰਥਾਤ ਮੇਰੇ ਪਿਤਾ ਉਮਯੱਾ ਬਿਨ ਖ਼ਲਫ਼ ਨੂੰ । ਹੁਣ ਮੈਂਨੂੰ ਮੌਕਾ ਮਿਲਿਆ ਹੈ ਕਿ ਇਹਨਾ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਵਿੱਚੋਂ ਚੰਗੇ ਲੋਕਾਂ ਨੂੰ ਕਤਲ ਕਰਾਂ ਅਤੇ ਆਪਣਾ ਮਨ ਹੌਲ੍ਹਾ ਕਰਾਂ । ਉਸ ਨੇ ਹਜ਼ਰਤ ਇਬਨੇ ਕੌਕਲ, ਹਜ਼ਰਤ ਖ਼ਾਰਜਾ ਬਿਨ ਜ਼ੈਦ ਅਤੇ ਹਜ਼ਰਤ ਔਸ ਬਿਨ ਅਰਕਮ ਨੂੰ ਸ਼ਹੀਦ ਕੀਤਾ ।

ਹਜ਼ਰਤ ਖ਼ਾਰਜਾ ਅਤੇ ਹਜ਼ਰਤ ਸਾਅਦ ਬਿਨ ਰਬੀਅ ਜੋ ਕਿ ਆਪ ਦੇ ਚਚੇਰੇ ਭਾਈ ਸਨ ਦੋਹਾਂ ਨੂੰ ਇਕ ਹੀ ਕਬਰ ਵਿੱਚ ਦਫ਼ਨ ਕੀਤਾ ਗਿਆ । ਰਿਵਾਇਤ ਹੈ ਕਿ ਉਹਦ ਦੇ ਦਿਨ ਹਜ਼ਰਤ ਅਬੱਾਸ ਬਿਨ ਇਬਾਦਹ ਉੱਚੀ ਆਵਾਜ਼ ਨਾਲ ਕਹਿ ਰਹੇ ਸਨ ਕਿ ਹੇ ਮੁਸਲਮਾਨਾਂ ਦੇ ਸਮੂਹ ਰੱਬ ਅਤੇ ਆਪਣੇ ਨਬੀ ਨਾਲ ਜੁੜੇ ਰਹੋ । ਜੋ ਮੁਸੀਬਤ ਤੁਹਾਨੂੰ ਪਹੁੰਚੀ ਹੈ ਇਹ ਆਪਣੇ ਨਬੀ ਦੀ ਅਵਗਿਆ ਕਰਕੇ ਪਹੁੰਚੀ ਹੈ । ਉਹ ਤੁਹਾਨੂੰ ਮਦਦ ਦਾ ਵਾਦਾ ਦਿੰਦਾ ਸੀ ਪਰ ਤੁਸੀਂ ਸਬਰ ਨਹੀਂ ਕੀਤਾ । ਫਿਰ ਹਜ਼ਰਤ ਅਬੱਾਸ ਬਿਨ ਅਬਾਦਹ ਨੇ ਆਪਣੀ ਲੋਹੇ ਦੀ ਟੋਪੀ ਤੇ ਕਵਚ ਲਾਹਿਆ ਅਤੇ ਹਜ਼ਰਤ ਖ਼ਾਰਜਾ ਬਿਨ ਜ਼ੈਦ ਨੂੰ ਪੁੱਛਿਆ ਕਿ ਆਪ ਨੂੰ ਇਸ ਦੀ ਲੋੜ ਹੈ । ਖ਼ਾਰਜਾ ਨੇ ਕਿਹਾ ਜਿਸ ਚੀਜ਼ ਦੀ ਤੁਹਾਨੂੰ ਆਰਜ਼ੂ (ਇਛੱਾ) ਹੈ ਉਹੋ ਮੈਂ ਵੀ ਚਾਹੁੰਦਾ ਹਾਂ । ਫਿਰ ਉਹ ਸਾਰੇ ਦੁਸ਼ਮਣ ਭਿੜ ਗਏ । ਅਬੱਾਸ ਬਿਨ ਅਬਾਦਹ ਕਹਿੰਦੇ ਸਨ ਕਿ ਸਾਡੇ ਦੇਖਦਿਆਂ ਹੋਇਆਂ ਜੇਕਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਕੋਈ ਕਸ਼ਟ ਪਹੁੰਚਿਆ ਤਾਂ ਸਾਡਾ ਆਪਣੇ ਰੱਬ ਦੀ ਹਜ਼ੂਰੀ ਵਿੱਚ ਕੀ ਉਜ਼ਰ ਹੋਵੇਗਾ ਅਤੇ ਹਜ਼ਰਤ ਖ਼ਾਰਜਾ ਕਹਿੰਦੇ ਸਨ ਕਿ ਆਪਣੇ ਰੱਬ ਦੀ ਹਜ਼ੂਰੀ ਵਿੱਚ ਸਾਡੇ ਕੋਲ ਨ ਤਾਂ ਕੋਈ ਉਜ਼ਰ ਹੋਵੇਗਾ ਅਤੇ ਨ ਹੀ ਕੋਈ ਦਲੀਲ । ਹਜ਼ਰਤ ਅਬੱਾਸ ਬਿਨ ਅਬਾਦਹ ਨੂੰ ਸੁਫ਼ਯਾਨ ਬਿਨ ਅਬਦ ਸ਼ਮਸ ਸਲਮਾ ਨੇ ਸ਼ਹੀਦ ਕਰ ਦਿਤੱਾ ਅਤੇ ਖ਼ਾਰਜਾ ਬਿਨ ਜ਼ੈਦ ਨੂੰ ਤੀਰਾਂ ਕਰਕੇ ਸ਼ਰੀਰ ਉਪੱਰ ਦੱਸ ਜ਼ਖ਼ਮ ਲੱਗੇ । ਉਹਦ ਦੀ ਜੰਗ ਦੇ ਦਿਨ ਹਜ਼ਰਤ ਮਾਲਕ ਬਿਨ ਦੁਖ਼ਸ਼ਮ ਹਜ਼ਰਤ ਖ਼ਾਰਜਾ ਬਿਨ ਜ਼ੈਦ ਕੋਲੋਂ ਲੰਘੇ । ਹਜ਼ਰਤ ਖ਼ਾਰਜਾ ਜ਼ਖ਼ਮਾ ਕਰਕੇ ਚੂਰ ਹੋਏ ਬੈਠੇ ਸਨ । ਉਹਨਾਂ ਨੂੰ ਤੇਰ੍ਹਾਂ ਦੇ ਲਗਭਗ ਡੂੰਘੇ ਜ਼ਖ਼ਮ ਆਏ ਸਨ । ਹਜ਼ਰਤ ਮਾਲਕ ਨੇ ਉਹਨਾਂ ਨੂੰ ਕਿਹਾ ਕਿ ਕੀ ਆਪ ਨੂੰ ਨਹੀਂ ਪਤਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਸ਼ਹੀਦ ਕਰ ਦਿੱਤੇ ਗਏ ਹਨ । ਹਜ਼ਰਤ ਖ਼ਾਰਜਾ ਨੇ ਕਿਹਾ ਕਿ ਜੇਕਰ ਆਪ ਨੂੰ ਸ਼ਹੀਦ ਕਰ ਦਿਤੱਾ ਗਿਆ ਹੈ ਤਾਂ ਨਿਸ਼ਚੇ ਹੀ ਰੱਬ ਜੀਉਂਦਾ ਹੈ ਅਤੇ ਉਹ ਨਹੀਂ ਮਰੇਗਾ । ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਸੰਦੇਸ਼ ਪਹੁੰਚਾ ਦਿਤੱਾ ਹੈ ਤੁਸੀਂ ਵੀ ਆਪਣੇ ਧਰਮ ਲਈ ਕਤਲ ਕਰੋ ।

ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਕ ਸਹਾਬੀ ਹਜ਼ਰਤ ਜ਼ਿਯਾਦ ਬਿਨ ਲੁਬੈਦ ਸਨ। ਉਕਬਾ ਸਾਨੀਆ ਵਿੱਚ ਸਤੱਰ ਸਹਾਬਾ ਦੇ ਨਾਲ ਆਣ ਹਾਜ਼ਰ ਹੋਏ ਅਤੇ ਇਸਲਾਮ ਕੁਬੂਲ ਕੀਤਾ । ਇਸਲਾਮ ਕੁਬੂਲ ਕਰਨ ਦੇ ਬਾਦ ਜੱਦ ਮਦੀਨੇ ਵਾਪਸ ਆਏ ਤਾਂ ਆਉਂਦਿਆਂ ਹੀ ਆਪਣੇ ਕਬੀਲੇ ਬਨੂ ਬਿਯਾਜ਼ਾਤ ਦੇ ਬੁੱਤ ਭੰਨ੍ਹ ਦਿੱਤੇ । ਫਿਰ ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਮੱਕੇ ਚਲੇ ਗਏ ਅਤੇ ਉੱਥੇ ਹੀ ਵੱਸ ਰਹੇ। ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਮਦੀਨੇ ਹਿਜਰਤ ਦੇ ਬਾਦ ਆਪ ਨੇ ਵੀ ਹਿਜਰਤ ਕੀਤੀ ।

ਇਸ ਲਈ ਹਜ਼ਰਤ ਜ਼ਿਯਾਦ ਨੂੰ ਮੁਹਾਜਰ ਅੰਸਾਰੀ ਕਿਹਾ ਜਾਂਦਾ ਹੈ । ਹਜ਼ਰਤ ਜ਼ਿਯਾਦ ਬਦਰ ਦੀ ਜੰਗ, ਉਹਦ, ਖ਼ੰਦਕ, ਅਤੇ ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਹਮਸਫ਼ਰ ਸਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਹਿਜਰਤ ਕਰਕੇ ਮਦੀਨਿ ਪਹੁੰਚੇ ਅਤੇ ਕਬੀਲਾ ਬਨੂ ਬਿਯਾਜ਼ਾ ਦੇ ਮੁਹੱਲੇ ਵਿੱਚੋਂ ਲੰਘੇ ਤਾਂ ਹਜ਼ਰਤ ਜ਼ਿਯਾਦ ਨੇ ਅਹਲੰਵ ਵ ਸਹਲੰਵ (ਜੀਆਇਆਂ ਨੂੰ) ਕਿਹਾ ਅਤੇ ਪੜਾਅ ਲਈ ਆਪਣਾ ਘਰ ਪੇਸ਼ ਕੀਤਾ ਤਾਂ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੇਰੀ ਊਠਣੀ ਨੂੰ ਅਜ਼ਾਦ ਛੱਡ ਦਿਓ ਇਹ ਆਪ ਮੰਜ਼ਲ ਭਾਲ ਕਰ ਲਏਗੀ । ਮੁਹਰੱਮ 9 ਹਿਜਰੀ ਵਿੱਚ ਆਪ ਸਲਲੱਾਹੁ ਅਲੈਹਿ ਵਸਲਮ ਨੇ ਸਦਕਾ ਤੇ ਜ਼ਕਾਤ ਹਾਸਲ ਕਰਨ ਲਈ ਵੱਖ ਵੱਖ ਮੁਹਾਸਲ (ਚੰਦਾ ਉਗਰਾਹੁਣ ਵਾਲੇ ) ਨਿਯੁਕਤ ਕੀਤੇ ਤਾਂ ਹਜ਼ਰਤ ਜ਼ਿਯਾਦ ਨੂੰ ਹਜ਼ਰਮੌਤ ਦੇ ਖੇਤਰ ਦਾ ਮੁਹਸਲ (ਮਹਿਸੂਲ ਵਸੂਲਣ ਵਾਲਾ) ਬਣਾਇਆ । ਹਜ਼ਰਤ ਉਮਰ ਦੇ ਦੌਰ ਤੱਕ ਆਪ ਇਸੇ ਸੇਵਾ ਉਪੱਰ ਨਿਯੁਕਤ ਰਹੇ । ਇਸ ਮਰਤਬੇ ਤੋਂ ਮੁਕਤ ਹੋਣ ਦੇ ਬਾਦ ਆਪ ਦੇ ਕੂਫ਼ਾ ਵਿੱਚ ਵੱਸੋਂ ਧਾਰਨ ਕਰ ਲਈ ਅਤੇ ਉੱਥੇ ਹੀ ਇਕਤਾਲੀ ਹਿਜਰੀ ਵਿੱਚ ਦੇਹਾਂਤ ਹੋਇਆ ।

ਫਿਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਇਕ ਸਹਾਬੀ ਸਨ ਹਜ਼ਰਤ ਮਅਤਮ ਬਿਨ ਉਬੈਦ । ਹਜ਼ਰਤ ਮਅਤਬ ਬਿਨ ਉਬੈਦ ਬਦਰ ਦੀ ਜੰਗ ਅਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਇਹਨਾਂ ਨੇ ਯੌਮੁਰੱਜੀਅ ਵਿੱਚ ਸ਼ਹੀਦੀ ਪ੍ਰਾਪਤ ਕੀਤੀ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿੱਖਦੇ ਹਨ ਕਿ ਇਹ ਦਿਨ ਮੁਸਲਮਾਨਾਂ ਲਈ ਸ਼ਖ਼ਤ ਖ਼ਤਰੇ ਦੇ ਦਿਨ ਸਨ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਚਾਰੇ ਪਾਸਿਓਂ ਦਹਿਸ਼ਤ ਭਰੀਆਂ ਖ਼ਬਰਾਂ ਆ ਰਹੀਆਂ ਸਨ, ਪਰ ਸਭ ਤੋਂ ਵੱਧ ਖ਼ਤਰਾ ਆਪ ਨੂੰ ਮੱਕੇ ਦੇ ਕੁਰੈਸ਼ਾਂ ਵੱਲੋਂ ਸੀ ਜੋ ਉਹਦ ਦੀ ਜੰਗ ਕਰਕੇ ਬਹੁਤ ਦਲੇਰ ਤੇ ਸ਼ੇਖ਼ੀ ਵਿੱਚ ਸਨ । ਇਸ ਖ਼ਤਰੇ ਨੂੰ ਅਨੁਭਵ ਕਰਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਸਫ਼ਰ ਦੇ ਮਹੀਨਿ ਚਾਰ ਹਿਜਰੀ ਨੂੰ ਦੱਸ ਸਹਾਬਾ ਦੀ ਇਕ ਪਾਰਟੀ ਤਿਆਰ ਕੀਤੀ ਅਜੇ ਉਹਨਾਂ ਉਪੱਰ ਅਹਸਨ ਬਿਨ ਸਾਬਤ ਨੂੰ ਪ੍ਰਧਾਨ ਨਿਯੁਕਤ ਕੀਤਾ ਅਤੇ ਉਹਨਾਂ ਨੂੰ ਇਹ ਆਦੇਸ਼ ਦਿਤੱਾ ਕਿ ਗੁਪਤ ਰੂਪ ਵਿੱਚ ਮੱਕੇ ਦੇ ਨੇੜੇ ਜਾਕੇ ਕੁਰੈਸ਼ ਦੇ ਹਾਲਾਤ ਪਤਾ ਕਰਨ ਅਤੇ ਉਹਨਾਂ ਦੀਆਂ ਗਤੀਵਿਧੀਆਂ ਅਤੇ ਇਰਾਦਿਆਂ ਤੋਂ ਆਪ ਨੂੰ ਜਾਣੂ ਕਰਾਉਣ, ਪਰ ਹੁਣੇ ਇਹ ਪਾਰਟੀ ਰਵਾਨਾ ਨਹੀਂ ਹੋਈ ਸੀ ਕਿ ਕਬੀਲੇ ਅਜ਼ਲ ਤੇ ਕਾਰਾਹ ਦੇ ਕੁਝ ਲੋਕ ਆਪ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਬਿਨਤੀ ਕੀਤੀ ਕਿ ਸਾਡੇ ਕਬੀਲੇ ਵਿੱਚ ਬਹੁਤ ਲੋਕ ਇਸਲਾਮ ਵੱਲ ਝੁਕੇ ਹੋਏ ਹਨ ਆਪ ਕੁਝ ਵਿਅਕਤੀ ਸਾਡੇ ਨਾਲ ਭੇਜਣ ਜੋ ਸਾਨੂੰ ਮੁਸਲਮਾਨ ਬਨਾਉਣ ਅਤੇ ਇਸਲਾਮ ਦੀ ਸਿੱਖਿਆ ਦੇਣ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਦੀ ਇਹ ਇਛੱਾ ਜਾਣਕੇ ਉਹੋ ਪਾਰਟੀ ਜੋ ਸੂਚਨਾ ਲੈਂਣ ਲਈ ਤਿਆਰ ਕੀਤੀ ਸੀ ਉਹਨਾ ਦੇ ਨਾਲ ਰਵਾਨਾ ਕਰ ਦਿੱਤੀ । ਪਰ ਜਿਵੇਂ ਕਿ ਬਾਦ ਵਿੱਚ ਪਤਾ ਲਗੱਾ ਇਹ ਲੋਕ ਝੂਠੇ ਸਨ ਅਤੇ ਬਨੂ ਲਹਾਨ ਦੀ ਚੁੱਕਣੀ ਵਿੱਚ ਮਦੀਨਿ ਆਏ ਸਨ, ਜਿੰਨ੍ਹਾ ਨੇ ਆਪਣੇ ਰਈਸ ਸੁਫ਼ਯਾਨ ਬਿਨ ਖ਼ਾਲਿਦ ਦਾ ਬਦਲਾ ਲੈਂਣ ਲਈ ਇਹ ਚਾਲ ਚੱਲੀ ਸੀ ਕਿ ਇਸ ਬਹਾਨੇ ਮੁਸਮਲਮਾਨ ਮਦੀਨਿ ਤੋਂ ਨਿਕਲਣਗੇ ਤਾਂ ਉਹਨਾਂ ਉਪੱਰ ਹਮਲਾ ਕਰ ਦਿਤੱਾ ਜਾਵੇਗਾ । ਜੱਦ ਅਜ਼ਲ ਤੇ ਕਾਰਾਹ ਦੇ ਇਹ ਗ਼ਦੱਾਰ ਲੋਕ ਅਸਫ਼ਾਨ ਤੇ ਮੱਕੇ ਵਿਚਕਾਰ ਪਹੁੰਚੇ ਤਾਂ ਇਹਨਾਂ ਨੇ ਬਨੂਲਹਾਨ ਨੂੰ ਗੁਪਤ ਸੂਚਨਾ ਭੇਜ ਦਿੱਤੀ ਕਿ ਮੁਸਲਮਾਨ ਸਾਡੇ ਨਾਲ ਆ ਰਹੇ ਹਨ ਤੁਸੀਂ ਆ ਜਾਓ, ਜਿਸ'ਤੇ ਬਨੁ ਲਹਾਨ ਕਬੀਲੇ ਦੇ ਦੋ ਸੌ ਨੌਜੁਆਨ ਜਿੰਨ੍ਹਾ ਵਿੱਚ ਇਕ ਸੌ ਤੀਰ ਅੰਦਾਜ਼ ਸਨ, ਮੁਸਲਮਾਨਾ ਦਾ ਪਿਛੱਾ ਕਰਨ ਲਈ ਚੱਲ ਪਏ ਅਤੇ ਰਜੀਅ ਦੇ ਅਸਥਾਨ ਉਪੱਰ ਉਹਨਾਂ ਨੂੰ ਆਣ ਫੜਿਆ । ਦੱਸ ਵਿਅਕਤੀ ਦੋ ਸੌ ਸਿਪਾਹੀਆਂ ਦਾ ਕੀ ਮੁਕਾਬਲਾ ਕਰ ਸਕਦੇ ਸਨ । ਇਸ ਲਈ ਝੱਟ ਇਹ ਸਹਾਬੀ ਇਕ ਨੇੜੇ ਦੇ ਟੀਲੇ ਉਪੱਰ ਚੜ੍ਹਕੇ ਮੁਕਾਬਲੇ ਲਈ ਤਿਆਰ ਹੋ ਗਏ । ਕੁਫ਼ਾਰ ਨੇ ਇਹਨਾਂ ਨੂੰ ਆਵਾਜ਼ ਦਿੱਤੀ ਕਿ ਤੁਸੀਂ ਪਹਾੜੀ ਤੋਂ ਹੇਠਾਂ ਆ ਜਾਓ ਅਸੀਂ ਤੁਹਾਨੂੰ ਪਕੱਾ ਵਚਨ ਦਿੰਦੇ ਹਾਂ ਕਿ ਤੁਹਾਨੂੰ ਕਤਲ ਨਹੀਂ ਕਰਾਂਗੇ । ਆਸਮ

ਰਜ਼ੀ ਅਲੱਾਹ ਅਨਹੁ ਨੇ ਉੱਤਰ ਦਿੱਤਾ ਕਿ ਸਾਨੂੰ ਤੁਹਾਡੇ ਬਚਨਾ ਉਪੱਰ ਉਕੱਾ ਹੀ ਭਰੋਸਾ ਨਹੀਂ ਹੈ । ਫਿਰ ਅਕਾਸ਼ ਵੱਲ ਮੂੰਹ ਚੁਕੱਕੇ ਕਿਹਾ ਕਿ ਹੇ ਖ਼ੁਦਾ ਤੂੰ ਸਾਡੀ ਹਾਲਤ ਦੇਖ ਰਿਹਾ ਹੈਂ ਆਪਣੇ ਰਸੂਲ ਨੂੰ ਸਾਡੀ ਇਸ ਹਾਲਤ ਦੀ ਸੂਚਨਾ ਪਹੁੰਚਾ ਦੇ । ਭਾਵ ਇਹ ਕਿ ਆਸਮ ਤੇ ਉਹਨਾਂ ਦੇ ਸਾਥੀਆਂ ਨੇ ਮੁਕਾਬਲਾ ਕੀਤਾ ਅਤੇ ਲੜਦਿਆਂ ਲੜਦਿਆਂ ਸ਼ਹੀਦ ਹੋ ਗਏ ।

ਫਿਰ ਇਕ ਵਰਨਣ ਹੈ ਬਦਰ ਦੇ ਸਹਾਬਾ ਵਿੱਚ ਹਜ਼ਰਤ ਖ਼ਾਲਿਦ ਬਿਨ ਬਕੀਰ ਦਾ । ਹਜ਼ਰਤ ਖ਼ਾਲਿਦ ਬਿਨ ਬਕੀਰ, ਆਕਲ, ਹਜ਼ਰਤ ਆਮਿਰ ਅਤੇ ਹਜ਼ਰਤ ਅਯਾਸ ਨੇ ਇਕੱਠਿਆਂ ਹੀ ਦਾਰੇ ਅਰਕਮ ਵਿੱਚ ਇਸਲਾਮ ਕੁਬੂਲ ਕੀਤਾ ਸੀ ਅਤੇ ਇਹਨਾ ਚਾਰੇ ਭਰਾਵਾਂ ਨੇ ਦਾਰੇ ਅਰਕਮ ਵਿੱਚ ਸਭ ਤੋਂ ਪਹਿਲਾਂ ਇਸਲਾਮ ਕੁਬੂਲ ਕੀਤਾ ਸੀ। ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਖਾਲਿਦ ਬਿਨ ਬਕੀਰ ਅਤੇ ਹਜ਼ਰਤ ਜ਼ੈਦ ਬਿਨ ਦਸਨਾ ਵਿੱਚਕਾਰ ਭਾਈਬੰਦੀ ਸਥਾਪਨ ਕਰਾਈ ਸੀ । ਆਪ ਬਦਰ ਦੀ ਜੰਗ ਅਤੇ ਉਹਦ ਦੀ ਜੰਗ ਵਿੱਚ ਮੌਜੂਦ ਸਨ । ਆਪ ਸਫ਼ਰ ਮਹੀਨੇ ਦੀ 4 ਹਿਜਰੀ ਨੂੰ 34 ਸਾਲ ਦੀ ਉਮਰ ਵਿੱਚ ਜੰਗੇ ਰਜੀਅ ਵਿੱਚ ਆਸਮ ਬਿਨ ਸਾਬਤ ਅਤੇ ਮੁਰਸ਼ਦ ਬਿਨ ਅਬੀ ਮੁਰਸ਼ਦ ਗ਼ਨਵੀ ਦੇ ਕਬੀਲਿਆਂ ਅਜ਼ਲ ਵ ਕਾਰਾਹ ਨਾਲ ਲੜਦਿਆਂ ਹੋਇਆਂ ਸ਼ਹੀਦ ਹੋਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਤਾਂ ਇਹ ਲੋਕ ਸਨ ਜਿੰਨ੍ਹਾ ਨੇ ਧਰਮ ਦੀ ਰੱਖਿਆ ਲਈ ਆਪਣੇ ਇਮਾਨ ਦੀ ਸੁਰੱਖਿਆ ਲਈ ਕੁਰਬਾਨੀਆਂ ਦਿੱਤੀਆਂ ਅਤੇ ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਬਣੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੀ ਇਕ ਲੇਖਣੀ ਵਿੱਚ ਸਹਾਬਾ ਬਾਰੇ ਫ਼ਰਮਾਉਂਦੇ ਹਨ ਕਿ ਉਸ ਰਸੂਲ ਭੇਜਣ ਵਾਲੇ ਰੱਬ ਦਾ ਸ਼ੁਕਰ ਹੈ ਜੋ ਉਪਕਾਰ ਕਰਨ ਵਾਲਾ ਅਤੇ ਦੁਖਾਂ ਨੂੰ ਦੂਰ ਕਰਨ ਵਾਲਾ ਹੈ ਅਤੇ ਉਸ ਦੇ ਰਸੂਲ ਉਪੱਰ ਦੁਰੂਦ ਅਤੇ ਸਲਾਮ ਜੋ ਸਨੇਹ ਕਰਨ ਵਾਲਾ ਅਤੇ ਜਿੰਨ੍ਹਾ ਦਾ ਇਮਾਮ ਪਾਕ ਦਿਲ ਤੇ ਸਵਰਗਾਂ ਵੱਲ ਖਿਚੱਣ ਵਾਲਾ ਹੈ । ਉਸ ਦੇ ਸਹਾਬਾ ਉਪੱਰ ਸਲਾਮ ਜੋ ਇਮਾਨ ਦੇ ਸੋਮੇ ਵੱਲ ਪਿਆਸਿਆਂ ਵਾਂਗ ਦੌੜੇ ਅਤੇ ਗੁੰਮਰਾਹੀ ਦੀਆਂ ਹਨ੍ਹੇਰੀਆਂ ਰਾਤਾਂ ਵਿੱਚ ਵਿਦਿਅਕ ਤੇ ਕਰਮ ਰੂਪੀ ਕਮਾਲ ਰਾਹੀਂ ਪ੍ਰਕਾਸ਼ਵਾਨ ਕੀਤੇ ਗਏ । ਜੋ ਦਿਨ ਦੇ ਮੈਦਾਨਾਂ ਦੇ ਸ਼ੇਰ ਅਤੇ ਰਾਤਾਂ ਦੇ ਤਪਸੱਵੀ ਹਨ ਅਤੇ ਧਰਮ ਦੇ ਤਾਰੇ ਹਨ । ਅਲੱਾਹ ਤਆਲਾ ਸਾਨੂੰ ਵੀ ਅਪਾਣੇ ਵਿਦਿਅਕ ਅਤੇ ਕਰਮ ਰੂਪੀ ਹਾਲਤਾਂ ਨੂੰ ਚੰਗਾ ਬਨਾਉਣ ਅਤੇ ਰਾਤਾਂ ਦੀ ਇਬਾਦਤਾਂ ਦੇ ਮਿਆਰ ਬੁਲੰਦ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ।

ਜੁਮਏ ਦੇ ਖੁਤਬੇ ਦੇ ਬਾਦ ਹਜ਼ੂਰ ਅਨਵਰ ਨੇ ਮੁਕਰੱਮ ਇਸਮਾਈਲ ਮਾਲਾ ਗ਼ਾਲਾ ਸਾਹਬ ਮੁਬਲੱਗ਼ ਸਿਲਸਿਲਾ ਯੂਗੰਡਾ ਦੇ ਸਦਗੁਣਾ ਨੂੰ ਵਰਨਣ ਕੀਤਾ । ਜਿੰਨ੍ਹਾਂ ਦੀ ਵਫ਼ਾਤ 25 ਮਈ 2018 ਈ. ਨੂੰ ਹੋਈ ਅਤੇ ਜੁਮਏ ਦੀ ਨਮਾਜ਼ ਬਾਦ ਆਪ ਦੀ ਨਮਾਜ਼ ਜਨਾਜ਼ਹ ਗ਼ਾਇਬ ਪੜ੍ਹਾਈ ।

**Khulasa Khutba Jumma 01.06.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131